**International Journal of Academic Research and Development**
**ISSN: 2455-4197, Impact Factor: RJIF 5.22**
**www.academicsjournal.com**
**Volume 1; Issue 6; June 2016; Page No. 43-45**

# ਪੰਜਾਬੀ ਭਾਸ਼ਾ ਦਾ ਵਿਕਾਸ ਤੇ ਇਸ ਦੀਆਂ ਉਪਭਾਸ਼ਾਵਾਂ

**Shardev Singh Gill**
Principal Malwa College Goneana Road, Bathinda – Punjab

ਆਦਿ ਕੱਲ ਤੋਂ 1500 ਈ: ਤੱਕ ਗੋਰਖ ਨਾਥ, ਚਰਪਟ ਨਾਥ, ਚੌਰੰਗੀ ਨਾਥ ਜਲੰਧਰ ਨਾਥ, ਰਤਨ ਨਾਥ, ਬਾਬਾ ਫਰੀਦ, ਸ਼ਰਫਦੀਨ, ਬੁ-ਅਲੀ ਕਲੰਦਰ, ਨਾਮਦੇਵ, ਰਵੀਦਾਸ ਤੇ ਕਬੀਰ ਵਰਗੇ ਮੋਢੀ ਪੰਜਾਬੀ ਸਾਹਿਤ ਦੇ ਉਸਰੀਏ ਇਸ ਵਕਤ ਵਿੱਚ ਹੋਏ। ਜੋਗੀਆਂ ਤੇ ਨਾਥਾਂ ਦਾ ਸਾਹਿਤ ਬੇਸ਼ੱਕ ਵਧੇਰੇ ਸੀ ਪਰ ਬਾਬਾ ਫਰੀਦ ਤੇ ਇਸ ਤੋਂ ਪਿੱਛੋਂ ਠੇਠ ਪੰਜਾਬੀ ਭਾਸ਼ਾ ਦਾ ਮੁਹਾਂਦਰਾ ਉੱਘੜ ਕੇ ਸਾਹਮਣੇ ਆਇਆ। ਬਾਬਾ ਫਰੀਦ ਦੇ ਸਲੋਕ ਤੇ ਉਪਰੋਕਤ ਭਗਤਾਂ ਦੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀ ਇਸ ਦਾ ਮੂੰਹ ਬੋਲਦਾ ਸਬੂਤ ਹਨ।
ਇਸ ਵਕਤ ਪੁਸ਼ਯ, ਸਮਉਦ ਤੇ ਮੂਲਾਂ ਦਾਊਦ ਆਦਿ ਦੇ ਕਈ ਕਿੱਸੇ ਵੀ ਮਿਲਦੇਹਨ। ਇਸ ਵਕਤ ਦੀ ਪੰਜਾਬੀ ਤੇ ਲਹਿੰਦੀ ਮੁਲਤਾਨੀ ਦਾ ਪ੍ਰਭਾਵ ਜ਼ਿਆਦਾ ਸੀ।

## ਮੱਧ ਕਾਲ (ਪਹਿਲਾ) 1500 ਈ: ਤੋਂ 1700 ਤੱਕ

ਸਮੁੱਚੇ ਤੌਰ ਤੇ ਪੰਜਾਬੀ ਦੇ ਵਿਕਾਸ ਦਾ ਇਹ ਯੁੱਗ ਗੁਰੂ ਕਾਲ ਕਹਾਉਂਦਾ ਹੈ ਇਸ ਸਮੇਂ ਵਿੱਚ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਅਰਜਨ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਸਾਹਿਤਕ ਰਚਨਾ ਦਾ ਉਲੇਖ ਮਿਲਦਾ ਹੈ। ਇਸ ਤੋਂ ਬਿਨਾਂ ਭਾਈ ਗੁਰਦਾਸ ਤੇ ਉਦਾਸੀ ਸਾਧੂਆਂ ਨੇ ਵੀ ਪੰਜਾਬੀ ਦੇ ਵਿਕਾਸ ਵਿੱਚ ਵਿਸ਼ੇਸ਼ ਯੋਗਦਾਨ ਪਾਇਆ। ਪੰਜਾਬੀ ਸਾਹਿਤ ਦੇ ਹੇਠ ਲਿਖੇ ਰੂਪ ਇਸ ਗੁਰੂ ਕਾਲ ਵਿੱਚ ਮਿਲਦੇ ਹਨ:
ਸਾਖੀਆ, ਜਨਮ ਸਾਖੀਆਂ, ਪਰਮਾਰਥ, ਟੀਕੇ, ਰਹਿਤਨਾਮੇ, ਹੁਕਮਨਾਮੇ ਆਦਿ।
ਇਸ ਸਮੇਂ ਦੀਆਂ ਭਾਈ ਗੁਰਦਾਸ ਦੀਆਂ ਅਧਿਆਤਮਕ ਵਾਰਾਂ ਵਿਸ਼ੇਸ਼ ਸਥਾਨ ਰੱਖਦੀਆਂ ਹਨ।
ਇਸ ਸਮੇਂ ਸੂਫੀ ਸੰਤਾਂ ਜਿਵੇਂ ਸ਼ਾਹ ਹੁਸੈਨ, ਸੁਲਤਾਨ ਬਾਹੂ ਤੇ ਸ਼ਾਹ ਸ਼ਰਫ ਵਰਗਿਆਂ ਨੇ ਕਾਫੀਆਂ, ਦੋਹੜੇ ਤੇ ਸ਼ੀਹਰਫੀਆਂ ਦੇ ਰੂਪ ਵਿੱਚ ਪੰਜਾਬੀ ਭਾਸ਼ਾ ਦੇ ਵਿਕਾਸ ਵਿੱਚ ਵਿਸ਼ੇਸ਼ ਯੋਗਦਾਨ ਪਾਇਆ।

## ਮੱਧ ਕਾਲ (ਦੂਜਾ) 1700 ਈ: ਤੋਂ 1850 ਈ: ਤੱਕ

ਬਿਨਾਂ ਸ਼ੱਕ ਇਹ ਸਮਾਂ ਮੁਗਲਾਂ ਦੀ ਭਾਰਤ ਵਿੱਚ ਕੀਤੀ ਹਨੇਰਗਰਦੀ ਦਾ ਸੀ। ਪਰ ਇਸ ਸਮੇਂ ਵੀ ਸੂਫੀਆਂ, ਕਿੱਸਾਕਾਰਾਂ ਤੇ ਵਾਰਕਾਰਾਂ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਵਿੱਚ ਵਿਸ਼ੇਸ਼ ਵਾਧਾ ਕੀਤਾ। ਬੁੱਲ੍ਹੇ ਸ਼ਾਹ ਤੇ ਵਜੀਦ ਵਰਗੇ ਸੂਫੀ ਇਸ ਸਮੇਂ ਹੋਏ ਜਿਹਨਾਂ ਦੀਆਂ ਰਚਨਾਵਾਂ ਵਿੱਚੋਂ ਕਈਆਂ ਵਿਸ਼ਿਆਂ ਨੇ ਨਵਾਂ ਰੂਪ ਲਿਆ। ਸ਼ਰੀਅਤ ਨੂੰ ਵੰਗਾਰਿਆ ਗਿਆ ਤੇ ਸਮਾਜ ਦੀਆ ਯਥਾਰਥਕ ਤਸਵੀਰਾਂ ਅਜਿਹੇ ਸੂਫੀਆਂ ਦੇ ਸਾਹਿਤ ਦਾ ਭਾਗ ਬਣੀਆਂ।
ਵਾਰਸ ਸ਼ਾਹ, ਹਾਮਦ, ਕਾਦਰਯਾਰ, ਬਹਿਬਲ ਤੇ ਹਾਸ਼ਮ ਵਰਗੇ ਪ੍ਰਸਿੱਧ ਕਿੱਸਾਕਾਰਾਂ ਨੇ ਇਸੇ ਵਕਤ ਵਿੱਚ ਆਪਣਾ ਉੱਤਮ ਸਾਹਿਤ ਰਚਿਆ ਤੇ ਲੋਕ ਗਥਾਵਾਂ ਨੂੰ ਆਪਣੀਆਂ ਰਚਨਾਵਾਂ ਦਾ ਆਧਾਰ ਬਣਾਇਆ।
ਜੰਗਨਾਮਾ ਸਾਹਿਤ ਵਿੱਚ ਵੀ ਇਸੇ ਸਮੇਂ ਵਾਧਾ ਹੋਇਆ। ਗੁਰੂ ਗੋਬਿੰਦ ਸਿੰਘ ਜੀ ਦੀ ਚੰਡੀ ਦੀ ਵਾਰ, ਚੱਠਿਆਂ ਦੀ ਵਾਰ ਤੇ ਲਵਕੁਸ਼ ਦੀ ਵਾਰ ਨੇ ਉਸੇ ਸਮੇਂ ਦੇ ਸੰਘਰਸ਼ਮਈ ਵਾਤਾਵਰਣ ਨੂੰ ਪੇਸ਼ ਕੀਤਾ। ਇਸ ਵਕਤ ਤੱਕ ਪਹੁੰਚਦਿਆਂ ਪੰਜਾਬੀ ਭਾਸ਼ਾ ਹੋਰ ਨਿੱਖਰ ਚੁੱਕੀ ਸੀ। ਨਵੀਆਂ ਤਬਦੀਲੀਆਂ ਕਾਰਨ ਵਾਕ ਵਧੇਰੇ ਗੁੰਝਲਦਾਰ ਹੋਣ ਲੱਗ ਪਏ ਸਨ।

## 1850 ਤੋਂ 1947 ਤੱਕ

ਇਸ ਵਕਤ ਤੱਕ ਅੰਗਰੇਜ਼ਾਂ ਨੇ ਭਾਰਤ ਵਿੱਚ ਆਪਣੇ ਪੈਰ ਜਮਾਉਣੇ ਸ਼ੁਰੂ ਕਰ ਦਿੱਤੇ ਸਨ ਤੇ ਲੱਗਭਗ 100 ਸਾਲ ਤੱਕ ਉਹਨਾਂ ਨੇ ਭਾਰਤ ਤੇ ਰਾਜ ਕੀਤਾ। ਅੰਗਰੇਜ਼ ਕੌਮ ਦੁਨੀਆਂ ਭਰ ਦੀ ਅਗਾਂਹਵਧੂ ਜਾਣੀ ਜਾਂਦੀ ਕੌਮ ਸੀ ਜਿਸਦਾ ਸਧਾਰਣ ਭਾਰਤੀਆਂ ਦੇ ਹਰ ਪਹਿਲੂ ਤੇ ਡੂੰਘਾ ਪ੍ਰਭਾਵ ਪਿਆ। ਸਾਹਿਤ ਵਿੱਚ ਨਾਵਲ ਦੇ ਨਾਲ-ਨਾਲ ਨਿੱਕੀ ਕਹਾਣੀ ਤੇ ਨਾਟਕਾਂ ਦੇ ਨਾਲ ਇਕਾਂਗੀ ਨੇ ਜਨਮ ਲਿਆ। ਕਵਿਤਾ ਦੇ ਰੂਪ ਵਿੱਚ ਅਨੇਕਾਂ ਤਬਦੀਲੀਆਂ ਆਈਆਂ। ਵਿਸ਼ੇ ਧਾਰਮਿਕ ਦੀ ਥਾਂ ਸਮਾਜਿਕ ਬਣੇ ਤੇ ਸਾਹਿਤਕ ਆਲੋਚਨਾ ਵਿਸ਼ੇਸ਼ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ। ਵਿਸ਼ੇ ਪਹਿਲਾਂ ਨਾਲੋਂ ਵਧੇਰੇ ਸੰਕੀਰਣ ਹੋਏ ਤੇ ਹਰ ਪੱਖ ਤੋਂ ਸਾਹਿਤ ਨੂੰ ਵੇਖਿਆ ਗਿਆ ਬਹੁਤ ਸਾਰੇ ਪੰਜਾਬੀ ਸਾਹਿਤਕਾਰਾਂ ਜਿਵੇਂ ਭਾਈ ਵੀਰ ਸਿੰਘ, ਧਨੀ ਰਾਮ ਚਾਤ੍ਰਿਕ, ਫਿਰੋਜ਼ ਦੀਨ ਸ਼ਰਫ, ਆਈ.ਸੀ. ਨੰਦਾ, ਸੇਖੋਂ ਤੇ ਅਨੇਕਾਂ ਹੋਰ ਪ੍ਰਸਿੱਧ ਸਾਹਿਤਕਾਰਾਂ ਨੇ ਇਸ ਵਿੱਚ ਯੋਗਦਾਨ ਪਾਇਆ। ਵਿਆਕਰਣ ਪੱਖ ਤੋਂ ਵੀ ਭਾਸ਼ਾ ਵਿੱਚ ਸੁਧਾਰ ਹੋਇਆ। ਪ੍ਰੋ: ਪੂਰਨ ਸਿੰਘ ਵਰਗੇ ਸਾਹਿਤਕਾਰਾਂ ਨੇ ਛੰਦ ਮੁਕਤ ਕਵਿਤਾ ਲਿਖ ਕੇ ਇੱਕ ਨਵੀਂ ਪਿਰਤ ਪਾਈ।

## 1947 ਤੋਂ ਹੁਣ ਤੱਕ

ਭਾਰਤ ਆਜ਼ਾਦ ਹੋਇਆ ਤੇ ਇਸ ਵੇਲੇ ਪੰਜਾਬੀ ਭਾਸ਼ਾ ਦੀ ਅਹਿਮੀਅਤ ਨੂੰ ਸਮਝਦਿਆਂ ਹੋਇਆਂ ਵੱਖ ਵੱਖ ਮਹਿਕਮੇ ਉਸਾਰੇ ਗਏ। ਦੇਸ਼ ਵੰਡ ਦਾ ਘੱਲੂਘਾਰਾ ਜੋ ਇਸ ਸਮੇਂ ਵਾਪਰਿਆ ਇਸਦੇ

ਵਿਰੋਧ ਵਿੱਚ ਲੱਖਾਂ ਲਿਖਾਰੀਆਂ ਦੀ ਕਲਮ ਰੋਈ। ਸਾਹਿਤ ਵਿੱਚ ਫਿਰ ਤੋਂ ਨਵਾਂ ਮੋੜ ਆਇਆ। ਅੰਮ੍ਰਿਤਾ ਪ੍ਰੀਤਮ ਤੇ ਗੁਰਬਖਸ਼ ਸਿੰਘ ਵਰਗੇ ਉਘੇ ਲਿਖਾਰੀਆਂ ਨੇ ਇਸ ਘਟਨਾ ਨੂੰ ਬੜੀ ਚੁਨੌਤੀ ਦਿੱਤੀ ਇਸ ਪਿੱਛੋਂ ਤਾਂ ਸਾਹਿਤਕ ਖੇਤਰ ਵਿੱਚ ਲਿਖਾਰੀਆਂ ਦੀਆਂ ਝੜੀਆਂ ਲੱਗ ਗਈਆਂ। ਪੰਜਾਬੀ ਰਾਜ ਭਾਸ਼ਾ ਬਣੀ ਤੇ ਸਾਹਿਤਕ ਖੇਤਰ ਦੇ ਇਸੇ ਪੱਖ ਤੇ ਹੋਰ ਡੂੰਘਾਈ ਨਾਲ ਸੋਚਿਆ ਜਾਣ ਲੱਗਾ ਜਿੱਥੇ ਨਵੇਂ ਰੂਪ ਪ੍ਰਵੇਸ਼ ਕੀਤੇ ਉੱਥੇ ਮਨੋਵਿਗਿਆਨਕ ਪੱਖ ਨੇ ਸਾਹਿਤ ਵਿੱਚ ਕ੍ਰਾਂਤੀ ਲਿਆਂਦੀ ਜਿਵੇਂ-ਜਿਵੇਂ ਪਾਠਕਾਂ ਦੀ ਸੂਝ ਵਧੀ ਸਾਹਿਤਕ ਲਿਖਾਰੀਆਂ ਨੇ ਵੀ ਨਾਲ-ਨਾਲ ਵਿਸ਼ੇ ਤੇ ਰੂਪ ਦਾ ਵਿਕਾਸ ਕਰ ਵਿਖਾਇਆ। ਆਲੋਚਨਾ ਦੇ ਖੇਤਰ ਵਿੱਚ ਵਿਦੇਸ਼ੀ ਤੇ ਸਵਦੇਸ਼ੀ ਧਾਰਾਵਾਂ ਲਾਗੂ ਹੋਈਆਂ। ਜਿਹਨਾਂ ਨੇ ਕਈ ਭੁਲੇਖਿਆਂ ਤੋਂ ਪਰਦਾ ਲਾਹਿਆ। ਹੁਣ ਤੱਕ ਵਿਕਾਸ ਕਰਦੀ ਪੰਜਾਬੀ ਭਾਸ਼ਾ ਵਿੱਚ ਮਣਾਂ-ਮੂੰਹੀ ਸਾਹਿਤ ਲਿਖਿਆ ਜਾ ਚੁੱਕਿਆ ਹੈ। ਇਸ ਭਾਸ਼ਾ ਦੇ ਸਾਹਿਤ ਦਾ ਵਿਦੇਸ਼ ਭਾਸ਼ਾ ਦੇ ਵਿੱਚ ਵੀ ਅਨੁਵਾਦ ਕੀਤਾ ਜਾ ਰਿਹਾ ਹੈ।

**ਪੰਜਾਬੀ ਭਾਸ਼ਾ ਦੀਆਂ ਉਪਭਾਸ਼ਾਵਾਂ**

ਜਿੱਥੇ ਧਰਤੀ ਦੇ ਇੱਕ ਵੱਡੇ ਹਿੱਸੇ ਤੇ ਇੱਕ ਵੱਡੇ ਸਮੂਹ ਰਾਹੀਂ ਇੱਕ ਹੀ ਭਾਸ਼ਾ ਦੁਆਰਾ ਵਿਚਾਰਾਂ ਨੂੰ ਪ੍ਰਗਟਾਇਆ ਜਾਂਦਾ ਹੈ ਉਹ ਭਾਸ਼ਾ ਕਹੀ ਜਾਂਦੀ ਹੈ ਪਰ ਉਸ ਭਾਸ਼ਾ ਦੇ ਅੰਤਰਗਤ ਨਿੱਕੇ-ਨਿੱਕੇ ਸਮੂਹਾਂ ਰਾਹੀਂ ਉਸ ਨਾਲ ਸਮਾਨਤਾ ਰੱਖਣ ਵਾਲੀਜੋ ਭਾਸ਼ਾ ਵਰਤੀ ਜਾਂਦੀ ਹੈ ਉਸ ਨੂੰ ਉਪਭਾਸ਼ਾ ਕਿਹਾ ਜਾਂਦਾ ਹੈ।

ਮੈਰਿਊ ਪੈਈ ਅਨੁਸਾਰ ਉਪ ਭਾਸ਼ਾ ਕਿਸੇ ਭਾਸ਼ਾ ਦਾ ਇੱਕ ਰੂਪ ਹੈ, ਜਿਹੜੀ ਇੱਕ ਨਿਸ਼ਚਤ ਭੂ-ਭਾਗ ਜਾਂ ਭੂਗੋਲਿਕ ਖੇਤਰ ਵਿੱਚ ਬੋਲੀ ਜਾਂਦੀ ਹੈ ਅਤੇ ਜਿਹਨਾਂ ਵਿੱਚ ਉਕਤ ਭਾਸ਼ਾ ਦੇ ਸਾਹਿਤਕ ਰੂਪ ਵਿੱਚ ਕਾਫੀ ਫਰਕ ਹੁੰਦਾ ਹੈ, ਇਹ ਫਰਕ ਉਚਾਰਨਾ, ਵਿਆਕਰਨਿਕ, ਗਠਨ ਅਤੇ ਮੁਹਾਵਰਿਆਂ ਦੇ ਪ੍ਰਯੋਗ ਵਿੱਚ ਆਉਂਦਾ ਹੈ, ਜਿਸ ਤੋਂ ਉਸਦੀ ਅੱਡਰੀ ਹੋਂਦ ਪ੍ਰਗਟ ਹੁੰਦੀ ਹੈ ਉਸ ਭਾਸ਼ਾ ਦੀਆਂ ਇਕਾਈਆਂ ਹੋਰ ਭਾਸ਼ਾਵਾਂ ਤੋਂ ਵਧੇਰੇ ਫਰਕ ਨਹੀਂ ਰੱਖਦੀਆਂ ਜਿਸ ਵਜੋਂ ਉਸਨੂੰ ਇੱਕ ਵੱਖਰੀ ਭਾਸ਼ਾ ਮੰਨ ਲਿਆ ਜਾਵੇ। ਪੂਰਬੀ ਤੇ ਪੱਛਮੀ ਪੰਜਾਬੀ ਦੀਆਂ ਉਪ ਭਾਸ਼ਾਵਾਂ ਹੇਠ ਲਿਖੇ ਅਨੁਸਾਰ ਹਨ:-

(ੳ) ਪੂਰਬੀ ਪੰਜਾਬੀ ਦੀਆਂ ਉਪ ਭਾਸ਼ਾਵਾਂ:
ਮਾਝੀ, ਮਲਵਈ, ਦੁਆਬੀ, ਪੁਆਧੀ, ਰਾਠੀ, ਭਟਿਆਰੀ, ਡੋਗਰੀ ਤੇ ਕਾਂਗੜੀ।

(ਅ) ਪੱਛਮੀ ਪੰਜਾਬੀ ਦੀਆਂ ਉਪ ਭਾਸ਼ਾਵਾਂ:
ਪੋਠੋਹਾਰੀ, ਧਨੀ, ਹਿੰਦਕੋ ਅਤੇ ਪੁਣਛੀ।

**ਪੂਰਬੀ ਪੰਜਾਬੀ ਦੀਆਂ ਉਪ ਭਾਸ਼ਾਵਾਂ**

(ੳ) **ਮਾਝੀ:** ਇਹ ਮਾਝੇ ਪੰਜਾਬ ਦੀ ਟਕਸਾਲੀ ਬੋਲੀ ਦੇ ਰੂਪ ਵਿੱਚ ਪ੍ਰਚਲਿਤ ਹੈ ਅਤੇ ਪੰਜਾਬੀ ਭਾਸ਼ਾ ਦੇ ਸਾਹਿਤਕ ਮੁਹਾਵਰਿਆਂ ਦਾ ਆਧਾਰ ਬਣੀ ਹੈ। ਇਸ ਦਾ ਦੂਜਾ ਨਾਂ ਲਾਹੌਰੀ ਮਸ਼ਹੂਰ ਹੈ। ਮਾਝੀ ਉਪ ਭਾਸ਼ਾ ਦਾ ਇਲਾਕਾ ਝੰਗ ਮਾਝੇ ਦਾ ਹੈ, ਇਸ ਦੇ ਅਧੀਨ ਅੰਮ੍ਰਿਤਸਰ, ਗੁਰਦਾਸਪੁਰ, ਪੱਟੀ, ਕਸੂਰ ਤੇ ਲਾਹੌਰ ਦਾ ਇਲਾਕਾ ਸ਼ਾਮਿਲ ਹੈ। ਮਲਵਈ ਨਾਲੋਂ ਫਰਕ ਇਸ ਦਾ ਇਸ ਪ੍ਰਕਾਰ ਹੈ:

| | |
|---|---|
| ਮਾਝੀ | ਮਲਵਈ |
| ਵਾਰੀ | ਬਾਰੀ |
| ਘਿਓ | ਘੀ |

(ਅ) **ਮਲਵਈ:** ਮਾਲਵੇ ਤੇ ਜੰਗਲ ਦੀ ਬੋਲੀ ਨੂੰ ਮਲਵਈ ਕਿਹਾ ਜਾਂਦਾ ਹੈ। ਇਸਦਾ ਇਲਾਕਾ ਪਟਿਆਲਾ, ਲੁਧਿਆਣਾ, ਬਠਿੰਡਾ, ਮੁਕਤਸਰ, ਫਿਰੋਜ਼ਪੁਰ, ਮਲੇਰਕੋਟਲਾ, ਨਾਭਾ ਤੇ ਜੀਂਦ ਤੱਕ ਦਾ ਹੈ। ਮਲਵਈ ਦਾ ਸਭ ਤੋਂ ਨਿਰਾਲਾ ਢੰਗ ਇਸ ਦੇ ਪੜਨਾਉ ਹਨ, ਜਿਵੇਂ: ਤੁਹਾਡਾ ਦੀ ਥਾਂ ਥੋਡਾ, ਤੁਹਾਨੂੰ ਦੀ ਥਾਂ ਥੋਨੂੰ।

(ੲ) **ਦੁਆਬੀ:** ਦੁਆਬੀ ਤੋਂ ਅਰਥ ਦੋ ਪਾਣੀਆਂ ਅਰਥਾਤ ਦੋ ਦਰਿਆਵਾਂ ਦੇ ਵਿਚਕਾਰਲਾ ਇਲਾਕਾ ਹੈ। ਸਤਲੁਜ ਅਤੇ ਬਿਆਸ ਦੇ ਵਿਚਕਾਰਲਾ ਇਲਾਕਾ ਦੁਆਬੇ ਦੇ ਨਾਂ ਨਾਲ ਪ੍ਰਸਿੱਧ ਹੈ। ਜਲੰਧਰ, ਹੁਸ਼ਿਆਰਪੁਰ ਤੇ ਕਪੂਰਥਲਾ ਇਸ ਵਿੱਚ ਆਉਂਦੇ ਹਨ। ਇਸ ਵਿੱਚ ਵ, ਬ ਵਿੱਚ ਬਦਲ ਜਾਂਦਾ ਹੈ। ਜਿਵੇਂ: ਵਿੱਚ ਦੀ ਥਾਂ ਬਿੱਚ। ਬਹਿੜਕੇ ਦੀ ਬੱਖੀ ਵਿੱਚ ਬੱਟਾ ਮਾਰਿਆ।

(ਸ) **ਪੁਆਧੀ:** ਪੁਆਧੀ ਦਾ ਅਰਥ ਹੈ ਪੂਰਬ। ਭਾਸ਼ਾ ਵਿਗਿਆਨੀਆਂ ਨੇ ਪੁਆਧ ਦਾ ਅਸਲੀ ਇਲਾਕਾ ਪਟਿਆਲੇ ਤੋਂ ਪੂਰਬ ਵੱਲ ਚੱਲਦੇ ਹੋਏ ਅੰਬਾਲੇ ਤੱਕ ਅਤੇ ਉਧਰ ਰੋਪੜ ਤੱਕ ਫੈਲਿਆ ਹੋਇਆ ਮੰਨਿਆ ਹੈ।

ਡਾ: ਪ੍ਰੇਮ ਪ੍ਰਕਾਸ਼ ਅਨੁਸਾਰ ਪੁਆਧੀ ਦਰਅਸਲ ਪੰਜਾਬੀ ਬੋਲੀ ਤੇ ਹਿੰਦੀ ਬੋਲੀ ਦਾ ਸੰਗਮ ਜਿਹਾ ਹੈ, ਇਸ ਵਿੱਚ ਅਸੀਂ ਨੂੰ ਹਮ ਜਾਂ ਹਮੋ, ਤੂੰ ਨੂੰ ਤੁਮ ਜਾਂ ਥਮੋਂ ਤੇ ਪਟਿਆਲੇ ਕੇ ਬਿਚ ਮੁੰ ਬੋਲਿਆ ਜਾਂਦਾ ਹੈ।

(ਹ) ਡੋਗਰੀ ਅਤੇ ਕਾਂਗੜੀ: ਪੰਜਾਬੀ ਦੀ ਪਹਾੜੀ ਉਪ ਭਾਸ਼ਾ ਡੋਗਰੀ ਵਿਕਸਤ ਹੋ ਕੇ ਸੁਤੰਤਰ ਭਾਸ਼ਾ ਦਾ ਦਰਜਾ ਪ੍ਰਾਪਤ ਕਰ ਚੁੱਕੀ ਹੈ। ਡੋਗਰ ਸ਼ਬਦ ਦਾ ਨਿਕਾਸ ਦ੍ਵਿਗ੍ਰਤ ਤੋਂ ਹੋਇਆ ਮੰਨਿਆ ਜਾਂਦਾ ਹੈ ਜਿਸ ਦੇ ਅਰਥ ਹਨ - ਦੋਹਾਂ ਝੀਲਾਂ ਦੇ ਵਿਚਕਾਰਲੀ ਧਰਤੀ, ਇਸਦਾ ਖੇਤਰ ਰਾਵੀ ਤੋਂ ਲੈ ਕੇ ਪੱਛਮ ਵਿੱਚ ਝਨਾ ਤੱਕ ਫੈਲਿਆ ਹੋਇਆ ਹੈ। ਜਿਸਵਿੱਚ ਕਠੂਆ ਜੰਮੂ ਤੇ ਉਦਮਪੁਰ ਤਿੰਨ ਜਿਲ੍ਹੇ ਸ਼ਾਮਿਲ ਹਨ। ਕਾਂਗੜੀ ਹਮੀਰਪੁਰ ਤੇ ਪਾਲਮਪੁਰ ਦੇ ਇਲਾਕੇ ਵਿੱਚ ਬੋਲੀ ਜਾਂਦੀ ਹੈ। ਪੰਜਾਬੀ ਨਾਲੋਂ ਇਹਨਾਂ ਦਾ ਥੋੜਾ ਬਹੁਤ ਫਰਕ ਹੈ ਜਿਵੇਂ: ਕਹਿਣ ਦੀ ਥਾਂ ਗਲਾਨੀਆਂ।

ਇਸ ਵਿੱਚ ਵ, ਅ, ਬ, ਜਾਂ ਮ ਹੋ ਜਾਂਦਾ ਹੈ ਹੇਠਾਂ ਉਦਾਹਰਣ ਪੇਸ਼ ਹੈ:-

| | |
|---|---|
| ਪੰਜਾਬੀ | ਡੋਗਰੀ |
| ਕਰਨਵਾਲਾ | ਕਰਨਆਲਾ |
| ਦਿਵਾਲੀ | ਦਿਆਲੀ |

| | |
|---|---|
| ਜਾਣਵਾਲਾ | ਜਾਣੇਆਲਾ |
| ਲੋਕਾਂ ਵਾਸਤੇ | ਲੋਕਾਂ ਆਸਤੇ |

ਵਾ ਦੀ ਥਾਂ ਮਾ, ਪੰਜਵਾਂ ਦੀ ਥਾਂ ਪੰਜਮਾਂ, ਛੇਵਾਂ ਦੀ ਥਾਂ ਛੇਮਾਂ।
ਕਾਂਗੜੀ ਦੀ ਉਦਾਹਰਣ:

ਮੈਂ ਗਿਲਾਨੀਆਂ ਸੱਚ ਵੇ।
ਮਿਥੋ ਵੀ ਲਈ ਚਲ ਕੱਢ ਵੇ।
ਮਾੜੇ ਬਾਂਕੇ ਨਿਆਂ ਚਾੜੂਆਂ।

(ਕ) **ਪੋਠੋਹਾਰੀ:** ਪੋਠੋਹਾਰ ਸਾਂਝੇ ਤੇ ਅਣਵੰਡੇ ਪੰਜਾਬ ਦਾ ਇੱਕ ਰੰਗਲਾ ਤੇ ਰਮਣੀਕ ਤੇ ਰੁਮਾਂਚਿਕ ਬਾਗ ਹੈ। ਇਸ ਦੀ ਬੁੱਕਲ ਵਿੱਚ ਦਰਿਆ ਸਿੰਧ ਤੇ ਜੇਹਲਮ ਦੇ ਵਿਚਕਾਰਲੇ ਲੱਗਭਗ 4000 ਮੁਰੱਬਾ ਮੀਲ ਦਾ ਉੱਚਾ ਨੀਵਾਂ ਰਕਬਾ ਸ਼ਾਮਿਲ ਹੈ। ਰਾਵਲਪਿੰਡੀ ਜਿਲ੍ਹੇ ਜੇਹਲਮ ਦਾ ਪੂਰਬੀ ਭਾਗ, ਜਿਲ੍ਹਾ ਅਟਕ ਦਾ ਬਹੁਤ ਹਿੱਸਾ ਤੇ ਜਿਲ੍ਹਾ ਹਜ਼ਾਰਾ ਦੀ ਹਰੀਪੁਰ ਤਹਿਸੀਲ ਦੇ ਇਲਾਕੇ ਸ਼ਾਮਿਲ ਹਨ। ਅਜੋਕੀ ਪੰਜਾਬੀ ਵਿੱਚ ਦਾ, ਦੇ, ਦੀ ਥਾਂ ਨਾ, ਨੇ, ਨੀ ਵਰਤਿਆ ਜਾਂਦਾ ਹੈ। ਜਿਵੇਂ: ਰਾਮ ਦੇ ਪੱਕੜੇ - ਰਾਮ ਨੇ ਕੱਪੜੇ।

ਪੰਜਾਬੀ ਦੇ ਪੜਨਾਵਾਂ ਦੇ ਸ਼ੁਰੂ ਵਿੱਚ ਅੰਕਿਤ ਉ ਤੇ ਇ ਨੂੰ ਹਿ ਵਿੱਚ ਤਬਦੀਲ ਹੋ ਜਾਂਦੇ ਹਨ। ਜਿਵੇਂ ਉਸ ਦੀ ਥਾਂ ਹੁਸਾ। ਇੱਕ ਦੀ ਥਾਂ ਹਿੱਕ। ਪੰਜਾਬ ਦੇ ਕਿਰਿਆ - ਗਾ, ਗੀ ਦੀ ਥਾਂ ਸਾ, ਸੀ ਵਰਤਿਆ ਜਾਂਦਾ ਹੈ। ਜਿਵੇਂ ਮੈਂ ਆਵਾਂਗਾ, ਮੈਂ ਆਵਸਾਂ।

(ਖ) **ਲਹਿੰਦੀ:** ਲਹਿੰਦੀ ਦਾ ਖੇਤਰ ਮੁਲਤਾਨ, ਝੰਗ ਮੀਆਂਵਾਲੀ ਡੇਰਾ ਗਾਜ਼ੀ ਖਾਂ, ਡੇਰਾ ਇਸਮਾਈਲ ਖਾਂ ਦਾ ਪੂਰਬੀ ਦੱਖਣੀ ਹਿੱਸਾ ਆਉਂਦਾ ਹੈ। ਆਮ ਤੌਰ ਤੇ ਅਸੀਂ ਇਸਨੂੰ ਮੁਲਤਾਨੀ ਕਹਿਣਾ ਪਸੰਦ ਕਰਦੇ ਹਾਂ ਪਰ ਮੁਲਤਾਨੀ ਸ਼ਬਦ ਕੇਵਲ ਮੁਲਤਾਨ ਵਿਸ਼ੇਸ਼ ਦੀ ਬੋਲੀ ਹੀ ਦੱਸਦਾ ਹੈ। ਉਦਾਹਰਣ: ਨਾਲੀ-ਕੱਸੀ, ਮਲਾਹ-ਮੁਹਾਣਾ, ਟੱਟੂ-ਟੈਰ।

(ਗ) **ਰਾਠੀ ਤੇ ਭਟਿਆਰੀ:** ਰਾਠੀ ਉਹਨਾਂ ਮੁਸਲਮਾਨਾਂ ਜਾਤੀਆਂ ਦੀ ਬੋਲੀ ਹੈ ਜੋ ਪੱਛਮ ਵੱਲੋਂ ਆਈਆ ਤੇ ਜਿਲ੍ਹਾ ਹਿਸਾਰ ਵਿੱਚ ਘੱਗਰਵਾਦੀ ਵਿੱਚ ਰਹੀਆ ਪਰ ਵੰਡ ਪਿੱਛੋਂ ਇਹ ਸਾਰੇ ਮੁਸਲਮਾਨ ਪਾਕਿਸਤਾਨ ਚਲੇ ਗਏ। ਇਸ ਲਈ ਇਹ ਬੋਲੀ ਉੱਥੇ ਹੁਣ ਨਹੀਂ ਬੋਲੀ ਜਾਂਦੀ। ਉਸ ਵੇਲੇ ਇਸ ਦਾ ਇਲਾਕਾ ਪੁਆਧ ਦੇ ਦੱਖਣ ਵੱਲ ਤੇ ਮਲਵੱਈ ਦੇ ਵੀ ਦੱਖਣ ਵੱਲ ਤੇ ਘੱਗਰ ਨਦੀ ਦੇ ਵਿਚਕਾਰਲਾ ਸੀ।

**ਭਟਿਆਰੀ:** ਭਾਟੀ ਰਾਜਪੂਤਾਂ ਦੀ ਇੱਕ ਮੁਸਲਮਾਨ ਜਾਤੀ ਹੈ ਜਿਹੜੀ ਪੰਜਾਬ ਤੇ ਰਾਜਪੂਤਾਨੇ ਦੇ ਉੱਤਰ ਪੱਛਮ ਵਿੱਚ ਪੱਸਰੀ ਹੋਈ ਹੈ। ਇਸ ਦੀ ਬੋਲੀ ਭਟਿਆਰੀ ਹੈ, ਜੋ ਫਿਰੋਜ਼ਪੁਰ ਨੇੜੇ ਸਤਲੁਜ ਦੇ ਖੱਬੇ ਕੰਢੇ ਉੱਤੇ ਅਤੇ ਬੀਕਾਨੇਰ ਦੇ ਪੱਛਮ ਉੱਤਰ ਵਿੱਚ ਬੋਲੀ ਜਾਂਦੀ ਹੈ।